**ਸੁਕਾਮਿਸ਼ ਵਿਚ ਜ਼ਿਆਦਾ ਜਾਣਕਾਰੀ ਲਈ,
ਕਿਰਪਾ ਕਰਕੇ ਸੰਪਰਕ ਕਰੋ:**

## ਸੂਜ਼ੀ ਸੋਮਨ,
ਸੀ ਟੂ ਸਕਾਈ ਕਮਿਉਨਟੀ ਸਰਵਿਸਿਜ਼
892-5796 ਲੋਕਲ 239

## ਮੈਲੋਡੀ ਹੈਰੀ,
ਟੋਟਮ ਪ੍ਰੀਸਕੂਲ
892-9015

## ਕਰਿਸਟੀਨ ਬੱਟਕੁਸ,
ਕਮਿਉਨਟੀਜ਼ ਦੈਟ ਕੇਅਰ
892-5796

## ਹੋਰ ਥਾਂਵਾਂ:

## ਜੂਲੀਆ ਬਲੈਕ,
ਵਿਸਲਰ ਚਿਲਡਰਨਜ਼ ਸੈਂਟਰ
932-1119

## ਜੈਸੀਕਾ ਫਰੈਂਕ,
ਪਕੁਸਨਾਲਹੀਊ ਚਾਇਲਡ ਕੇਅਰ ਸੈਂਟਰ
894-6656

## ਹਾਈ ਸਕੋਪ ਐਜੂਕੇਸ਼ਨਲ ਫਾਉਂਡੇਸ਼ਨ,
www.highscope.org,
ਜਾਂ
www.ctcsquamish.com

**ਕਮਿਉਨਟੀਜ਼ ਦੈਟ ਕੇਅਰ,
ਸੁਕਾਮਿਸ਼ ਨੇਸ਼ਨ
ਅਤੇ
ਸੀ ਟੂ ਸਕਾਈ ਕਮਿਉਨਟੀ
ਸਰਵਿਸਿਜ਼
ਸਮਾਂ ਕੱਢਣ ਲਈ ਤੁਹਾਡਾ ਧੰਨਵਾਦ
ਅਤੇ ਆਸ ਹੈ ਕਿ ਤੁਸੀਂ ਇਸ ਨੂੰ
ਪਸੰਦ ਕੀਤਾ ਹੋਵੇਗਾ!**



# ਪ੍ਰੀਸਕੂਲ ਲਈ ਹਾਈ/ਸਕੋਪ ਅਪਰੋਚ

**ਹਾਈ/ਸਕੋਪ ਅਪਰੋਚ (ਪਹੁੰਚ) ਦਾ ਆਉਣਾ ਪਰਿਵਾਰਾਂ ਲਈ ਉਤੇਜਨਾ ਵਾਲਾ ਹੈ ਕਿਉਂਕਿ ਇਸ ਦੀ ਜ਼ਬਾਨ ਆਧਾਰਿਤ ਪਹੁੰਚ, ਸਾਖਰਤਾ ਅਤੇ ਸਕੂਲ ਲਈ ਤਿਆਰੀ ਵਿਚ ਵਾਧਾ ਕਰਦੀ ਹੈ।**

**ਇਸ ਪ੍ਰੋਗਰਾਮ ਵਿਚ, ਬੱਚਾ ਬਹੁਤ ਸਾਰੀਆਂ ਸਰਗਰਮੀਆਂ ਨੂੰ ਦਿਸ਼ਾ ਪ੍ਰਦਾਨ ਕਰਦਾ ਹੈ। ਇਸ ਨਾਲ ਬੱਚਿਆਂ ਦੀ ਸਿਰਜਣਾਤਮਕਤਾ, ਆਜ਼ਾਦੀ ਵਧਦੀ ਹੈ ਅਤੇ ਸਮਾਜਿਕ ਸਬੰਧ ਬਿਹਤਰ ਹੁੰਦੇ ਹਨ। ਇਸ ਅਪਰੋਚ (ਪਹੁੰਚ) ਦੇ ਚੰਗੀ ਤਰ੍ਹਾਂ ਸਾਬਤ ਹੋਏ ਫਾਇਦਿਆਂ ਵਿਚ, ਸਕੂਲ ਵਿਚ ਜ਼ਿਆਦਾ ਕਾਮਯਾਬੀ, ਅਤੇ ਬੱਚਿਆਂ ਦੇ ਬਾਲਗ ਬਣਨ ’ਤੇ ਬਿਹਤਰ ਕਮਾਈ ਅਤੇ ਜ਼ਿੰਦਗੀ ਦੇ ਪੱਧਰ ਵਿਚ ਸੁਧਾਰ ਸ਼ਾਮਲ ਹਨ।**

# ਪ੍ਰੀਸਕੂਲ ਲਈ ਹਾਈ/ਸਕੋਪ ਅਪਰੋਚ

## ਪ੍ਰੋਗਰਾਮ ਦਾ ਵੇਰਵਾ:

ਹਾਈ/ਸਕੋਪ, ਬੱਚਿਆਂ ਦੇ ਵਿਕਾਸ ਨੂੰ ਵਧਾਉਣ ਲਈ ਨਿਯਮਬੱਧ ਤਰੀਕਾ ਪ੍ਰਦਾਨ ਕਰਦੀ ਹੈ। ਹਾਈ/ਸਕੋਪ ਅਪਰੋਚ ਇਹ ਦਿਖਾਉਂਦੀ ਹੈ ਕਿ ਬੱਚੇ ਲੋਕਾਂ, ਸਾਮੱਗਰੀ, ਪ੍ਰੋਗਰਾਮਾਂ ਅਤੇ ਖਿਆਲਾਂ ਵਿਚ ਸਰਗਰਮ ਸ਼ਮੂਲੀਅਤ ਕਰਨ ਨਾਲ ਬਿਹਤਰ ਸਿੱਖਦੇ ਹਨ। ਹਾਈ/ਸਕੋਪ ਪ੍ਰੋਗਰਾਮ ਬੱਚਿਆਂ ਦੀਆਂ ਦਿਲਚਸਪੀਆਂ ਅਤੇ ਚੋਣਾਂ ਨੂੰ ਸੱਭ ਤੋਂ ਜ਼ਿਆਦਾ ਪਹਿਲ ਦਿੰਦੇ ਹਨ।

ਹਾਈ/ਸਕੋਪ ਦੇ ਕਲਾਸਰੂਮਾਂ ਵਿਚ ਦਿਲਚਸਪੀ ਵਾਲੇ ਖੇਤਰਾਂ ਦਾ ਖਾਕਾ ਸਪੱਸ਼ਟ ਹੁੰਦਾ ਹੈ ਜਿਹੜੇ ਕਿ ਦੇਖਣੇ ਸੌਖੇ ਹੁੰਦੇ ਹਨ। ਇਸ ਨਾਲ ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਉੱਪਰ ਆਪਣੇ ਕੰਟਰੋਲ ਦਾ ਅਹਿਸਾਸ ਹੁੰਦਾ ਹੈ। ਹਾਈ/ਸਕੋਪ ਕਲਾਸਰੂਮਾਂ ਵਿਚ ਬਾਲਗ ਸਿਖਿਆ ਦੇ ਸਾਰੇ ਕਾਰਜਾਂ ਦੇ ਕੰਟਰੋਲ ਵਿਚ ਹਿੱਸੇਦਾਰ ਹੁੰਦੇ ਹਨ।

ਹਰ ਰੋਜ਼, ਸਰਗਰਮੀਆਂ ਦਾ ਇਕੋ ਜਿਹਾ ਟਾਈਮ ਟੇਬਲ ਹੁੰਦਾ ਹੈ। ਇਸ ਨੂੰ ਡੇਲੀ ਰੁਟੀਨ (ਰੋਜ਼ਾਨਾ ਨੇਮ) ਕਿਹਾ ਜਾਂਦਾ ਹੈ।

ਹਾਈ/ਸਕੋਪ ਕੈਨੇਡਾ ਵਿਚ ਅਤੇ ਅਮਰੀਕਾ, ਇੰਗਲੈਂਡ, ਇੰਡੋਨੇਸ਼ੀਆ, ਆਇਰਲੈਂਡ, ਮੈਕਸੀਕੋ, ਸਿੰਗਾਪੁਰ, ਅਤੇ ਨੀਦਰਲੈਂਡ ਵਿਚ ਬੱਚਿਆਂ ਲਈ ਬਹੁਤ ਵਧੀਆ ਸਾਬਤ ਹੋਇਆ ਹੈ।

ਬੱਚੇ ਹਰ ਹਫਤੇ ਚਾਰ ਦਿਨ ਅੱਧੇ ਦਿਨ ਲਈ ਆਉਂਦੇ ਹਨ।

ਹਾਈ/ਸਕੋਪ ਪ੍ਰੋਗਰਾਮ ਦੇ ਕਈ ਮੁੱਖ ਹਿੱਸੇ ਹਨ। ਇਸ ਵਿਚ ਸਿੱਖਿਆ ਦੇ ਸੈਂਟਰ ਸ਼ਾਮਲ ਹਨ ਜਿਨ੍ਹਾਂ ਵਿਚ ਬਹੁਤ ਸਾਰਾ ਅਤੇ ਵੱਖ ਵੱਖ ਤਰ੍ਹਾਂ ਦਾ ਸਮਾਨ ਹੈ। ਇਹ ਸੈਂਟਰ ਬੱਚਿਆਂ ਨੂੰ ਸੋਚਣ ਅਤੇ ਤਰਤੀਬ ਮੁਤਾਬਕ ਯੋਜਨਾ ਬਣਾਉਣ, ਜੋ ਉਹ ਕਰ ਰਹੇ ਹਨ ਉਸ ਨੂੰ ਦੱਸਣ ਲਈ ਭਾਸ਼ਾ ਦੀ ਵਰਤੋਂ ਕਰਨ ਅਤੇ ਆਪਣੇ ਕਾਰਜਾਂ ਬਾਰੇ ਵਿਚਾਰ ਕਰਨ ਲਈ ਉਤਸ਼ਾਹ ਦਿੰਦੇ ਹਨ। ਹਾਈ/ਸਕੋਪ ਦੇ ਹੋਰ ਹਿੱਸਿਆਂ ਵਿਚ ਇਹ ਸ਼ਾਮਲ ਹਨ, ਘਰਾਂ ਵਿਚ ਫੇਰੀਆਂ, ਸਕੂਲ ਜਾਣ ਤੋਂ ਪਹਿਲਾਂ ਦੀ ਉਮਰ ਦੇ ਬੱਚੇ ਦੀ ਘਰ ਵਿਚ ਮਦਦ ਲਈ ਪਰਿਵਾਰਾਂ ਦੀ ਸਹਾਇਤਾ, ਆਈਆਂ ਤਬਦੀਲੀਆਂ ਨੂੰ ਨੋਟ ਕਰਨ ਲਈ ਪ੍ਰੋਗਰਾਮ ਦੌਰਾਨ ਹਰ ਬੱਚੇ ਦੇ ਵਿਕਾਸ ’ਤੇ ਨਿਗ੍ਹਾ ਰੱਖਣਾ, ਹੋਰ ਮਾਹਰਾਂ ਨਾਲ ਸਾਂਝੇਦਾਰੀ, ਅਤੇ ਪਰਿਵਾਰਾਂ ਦੀਆਂ ਗੈਰ-ਵਿਦਿਅਕ ਲੋੜਾਂ ਪ੍ਰਤੀ ਸੰਵੇਦਨਸ਼ੀਲਤਾ ਜਿਵੇਂ ਕਿ ਆਵਾਜਾਈ, ਖਾਣੇ ਅਤੇ ਪ੍ਰੋਗਰਾਮ ਫੀਸਾਂ।

ਚਾਇਲਡ ਕੇਅਰ ਰੀਸੋਰਸ ਅਤੇ ਰੈਫਰਲ ਪ੍ਰੋਗਰਾਮ ਦੇ ਸਹਿਯੋਗ ਨਾਲ ਖਿਡੌਣੇ ਉਧਾਰ ਦੇਣ ਵਾਲੀ ਇਕ ਚਲਦੀ-ਫਿਰਦੀ ਲਾਇਬਰੇਰੀ ਵੀ ਉਪਲਬਧ ਹੈ। ਇਸ ਪ੍ਰੋਗਰਾਮ ਵਿਚ ਵਾਲੰਟੀਅਰ ਬਣਨ ਲਈ ਮਾਪਿਆਂ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ।

ਹਾਈ/ਸਕੋਪ ਦੀ ਪੜ੍ਹਾਈ ਬਾਰੇ ਪਹੁੰਚ ਮਦਦ ਕਰਨ ਵਾਲੀ ਅਤੇ ਲਚਕਸ਼ੀਲ ਹੈ। ਇਸ ਨਾਲ ਪ੍ਰੋਗਰਾਮ ਵਿਚ ਸ਼ਾਮਲ ਬਾਲਗਾਂ ਅਤੇ ਬੱਚਿਆਂ ਵਿਚਕਾਰ ਖੁੱਲ੍ਹਾ ਸਬੰਧ ਪੈਦਾ ਹੁੰਦਾ ਹੈ। ਇਹ ਪਹੁੰਚ, ਬੱਚਿਆਂ ਦੇ ਵਿਕਾਸ ਵਿਚ ਪਰਿਵਾਰਾਂ ਦੇ ਮਹੱਤਵਪੂਰਨ ਰੋਲ ਨੂੰ ਵੀ ਮਾਨਤਾ ਦਿੰਦੀ ਹੈ। ਪ੍ਰੋਗਰਾਮ ਹਰ ਪਰਿਵਾਰ ਦੀਆਂ ਸ਼ਕਤੀਆਂ ਅਤੇ ਵਿਲੱਖਣਤਾਵਾਂ, ਅਤੇ ਬੱਚੇ ਦੀ ਜ਼ਿੰਦਗੀ ਦੇ ਤਜਰਬਿਆਂ ਮੁਤਾਬਕ ਬਣਦਾ ਹੈ।

ਕੈਪੀਲਾਨੋ ਕਾਲਜ ਦੀ ਮਦਦ ਨਾਲ, ਕਮਿਉਨਟੀਜ਼ ਦੈਟ ਕੇਅਰ (ਸੀ ਟੀ ਸੀ), ਪ੍ਰੀਸਕੂਲ ਪ੍ਰੋਗਰਾਮ ਵਿਚ ਪਰਿਵਾਰ ਅਤੇ ਬੱਚੇ ਦੀ ਸਾਖਰਤਾ (ਲਿਟਰੇਸੀ) ਵਾਲਾ ਹਿੱਸਾ ਜੋੜਨ ਦੇ ਯੋਗ ਹੋਏ ਹਨ, ਜਿਸ ਨੂੰ **ਫੇਸਿਜ਼ ਆਫ ਹਾਈ ਸਕੋਪ** ਕਿਹਾ ਜਾਂਦਾ ਹੈ।

ਪਰਿਵਾਰਾਂ ਨੂੰ ਗੱਲਬਾਤ ਕਰਨ ਦੇ ਨਵੇਂ ਹੁਨਰ ਸਿੱਖਣ ਅਤੇ ਹਾਈ/ਸਕੋਪ ਅਪਰੋਚ ਲਾਗੂ ਕਰਨ ਦਾ ਮੌਕਾ ਮਿਲਦਾ ਹੈ।

ਫੇਸਿਜ਼ ਆਫ ਹਾਈ/ਸਕੋਪ ਵਿਚ ਸਿਖਿਆ ਵਾਲੀਆਂ ਵਰਕਸ਼ਾਪਾਂ ਅਤੇ ਪਰਿਵਾਰਾਂ ਦੇ ਮਨੋਰੰਜਨ ਲਈ ਸ਼ੁਗਲ ਵਾਲੀਆਂ ਸ਼ਾਮਾਂ ਸ਼ਾਮਲ ਹਨ ਜਿਨ੍ਹਾਂ ਵਿਚ ਕਹਾਣੀਆਂ ਸੁਣਾਉਣ ਅਤੇ ਸਾਖਰਤਾ ਵਿਚ ਵਾਧਾ ਕਰਨ ਲਈ ਪਰਿਵਾਰਕ ਅਤੇ ਸਭਿਆਚਾਰਕ ਸਰਗਰਮੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

## ਆਸਵੰਦ ਨਤੀਜੇ:

ਹਾਈ ਸਕੋਪ ਸਬੂਤ ਆਧਾਰਿਤ ਉਨ੍ਹਾਂ ਦੋ ਪ੍ਰੋਗਰਾਮਾਂ ਵਿੱਚੋਂ ਇਕ ਸੀ ਜਿਸ ਦੀ ਸੀ ਟੀ ਸੀ ਵਲੋਂ ਚੋਣ ਜਵਾਨਾਂ ਦੀਆਂ ਸਿਹਤ ਅਤੇ ਵਤੀਰੇ ਨਾਲ ਸੰਬੰਧਿਤ ਪੰਜ ਸਮੱਸਿਆਵਾਂ ਤੋਂ ਰੋਕਥਾਮ ਕਰਨ ਲਈ ਕੀਤੀ ਗਈ ਸੀ (ਅੱਲੜ੍ਹ ਕੁੜੀਆਂ ਦਾ ਗਰਭਵਤੀ ਹੋਣਾ, ਨਸ਼ਿਆਂ ਦੀ ਦੁਰਵਰਤੋਂ, ਹਿੰਸਾ, ਵਿਗੜੀਆਂ ਆਦਤਾਂ ਵਾਲੇ ਜਵਾਨ ਅਤੇ ਸਕੂਲ ਛੱਡ ਜਾਣਾ)।

“ਹਾਈ/ਸਕੋਪ ਵਿਚਲੇ ਬੱਚੇ, ਮੁਕਾਬਲੇ ਦੇ ਹੋਰ ਪ੍ਰੋਗਰਾਮਾਂ ਵਿਚਲੇ ਬੱਚਿਆਂ ਨਾਲੋਂ ਅੱਗੇ ਲਿਖੇ ਖੇਤਰਾਂ ਵਿਚ ਕਾਫੀ ਅੱਗੇ ਹੁੰਦੇ ਹਨ: ਉੱਦਮ, ਸਮਾਜਿਕ ਸਬੰਧਾਂ, ਸੂਖਮ ਵਿਕਾਸ ਅਤੇ ਸਮੁੱਚੇ ਵਿਕਾਸ ਦੇ ਖੇਤਰਾਂ ਵਿਚ। ਹਾਈ/ਸਕੋਪ ਵਿਚਲੇ ਬੱਚੇ, ਮੁਕਾਬਲੇ ਦੇ ਹੋਰ ਪ੍ਰੋਗਰਾਮਾਂ ਵਿਚਲੇ ਬੱਚਿਆਂ ਨਾਲੋਂ ਗਿਆਨ ਨਾਲ ਸੰਬੰਧਿਤ ਵਿਕਾਸ ਵਿਚ ਅੱਗੇ ਨਿਕਲ ਜਾਂਦੇ ਹਨ ਜਿਸ ਵਿਚ ਰੈਪਰੇਜ਼ਿਨਟੇਸ਼ਨ, ਕਲਾਸੀਫੀਕੇਸ਼ਨ ਅਤੇ ਜ਼ਬਾਨ ਦੇ ਹੁਨਰ ਸ਼ਾਮਲ ਹਨ। ਮੁਕਾਬਲੇ ਦੇ ਹੋਰ ਪ੍ਰੋਗਰਾਮਾਂ ਵਿਚਲੇ ਬੱਚਿਆਂ ਨੇ ਕਿਸੇ ਵੀ ਅਸਿਸਮੈਂਟ ਵਿਚ ਹਾਈ/ਸਕੋਪ ਵਿਚਲੇ ਬੱਚਿਆਂ ਨਾਲੋਂ ਕੋਈ ਮਹੱਤਵਪੂਰਨ ਬਰਤਰੀ ਨਹੀਂ ਦਿਖਾਈ।”

***“ਟੀਚਰ ਕਲਾਸਰੂਮਾਂ ਵਿਚ ਸਿਖਿਆ ਵਿਚ ਵਾਧਾ ਅਤੇ ਤਕਰਾਰਾਂ ਦੇ ਪੱਧਰਾਂ ਵਿਚ ਕਮੀ ਦੇਖ ਰਹੇ ਹਨ” ਸੀ ਟੂ ਸਕਾਈ ਕਮਿਉਨਿਟੀ ਸਰਵਿਸਿਜ਼ ਸੁਸਾਇਟੀ ਦੇ ਚਾਇਲਡ ਕੇਅਰ ਅਤੇ ਫੈਮਿਲੀ ਸਰਵਿਸਿਜ਼ ਮੈਨੇਜਰ ਸੂਜ਼ੀ ਸੋਮਨ ਦਾ ਕਹਿਣਾ ਹੈ।***

## ਸਟਾਫ ਦੀ ਯੋਗਤਾ:

ਜੁਲਾਈ 2004 ਵਿਚ, ਸੁਕਾਮਿਸ਼ ਦੇ 7 ਪ੍ਰੀ-ਸਕੂਲ ਟੀਚਰਾਂ ਨੇ ਮਹੋਰੀ ਟੀਚਰ ਬਣਨ ਲਈ ਟਰੇਨਿੰਗ ਮੁਕੰਮਲ ਕੀਤੀ ਜੋ ਕਿ ਹਾਈ/ਸਕੋਪ ਅਪਰੋਚ ਦੀ ਵਰਤੋਂ ਕਰਨ ਲਈ ਯੋਗਤਾ ਪ੍ਰਾਪਤ ਹਨ। ਸੁਕਾਮਿਸ਼ ਵਿਚਲੇ ਪ੍ਰੋਗਰਾਮ 1 ਨਵੰਬਰ, 2005 ਤੱਕ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਹੋ ਜਾਣ ਦੇ ਟੀਚੇ ਨਾਲ ਚੱਲ ਰਹੇ ਹਨ। ਹਾਈ/ਸਕੋਪ ਦੇ ਟੀਚਰਾਂ ਨੂੰ ਆਪਣਾ ਸਰਟੀਫਿਕੇਟ ਕਾਇਮ ਰੱਖਣ ਲਈ ਨੇਮ ਨਾਲ ਪ੍ਰੋਫੈਸ਼ਨਲ ਡਿਵੈਲਪਮੈਂਟ ਦੀਆਂ ਸਰਗਰਮੀਆਂ ਅਤੇ ਕੋਚਿੰਗ ਵਿਚ ਹਿੱਸਾ ਲੈਣਾ ਪੈਂਦਾ ਹੈ।

## ਪ੍ਰੋਗਰਾਮ ਦਾ ਖਰਚਾ:

ਫੀਸਾਂ ਅਤੇ ਸਬਸਿਡੀ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਪ੍ਰੋਗਰਾਮ ਦੇਣ ਵਾਲੀ ਕਿਸੇ ਥਾਂ ਨਾਲ ਸੰਪਰਕ ਕਰੋ। ਸੀ ਟੀ ਸੀ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਹਾਈ/ਸਕੋਪ ਅਪਰੋਚ ਸੁਕਾਮਿਸ਼ ਦੇ ਸਾਰੇ ਪਰਿਵਾਰਾਂ ਲਈ ਮੌਜੂਦ ਹੈ।